BRITISH COLUMBIA
Ministry of Finance

# ਸਤੰਬਰ ਬੱਜਟ ਅੱਪਡੇਟ ਸੰਤੁਲਤ ਬੱਜਟ 2005 ਵਿਸ਼ੇਸ਼ਤਾਵਾਂ

***ਸਤੰਬਰ ਬੱਜਟ ਅੱਪਡੇਟ* ਫਰਵਰੀ 2005 ਦੇ ਬੱਜਟ ਤੋਂ ਲੈ ਕੇ ਬੀ.ਸੀ. ਦੀ ਹੋਈ ਤਰੱਕੀ ਨੂੰ ਦਿਖਾਉਂਦਾ ਹੈ ਅਤੇ ਇਹ ਪੁਸ਼ਟੀ ਕਰਦਾ ਹੈ ਕਿ ਅਸੀਂ ਤਰੱਕੀ, ਭਰੋਸੇ ਅਤੇ ਮੌਕਿਆਂ ਦੇ ਰਾਹ 'ਤੇ ਚੱਲ ਰਹੇ ਹਾਂ।**

**ਤਕੜੀ ਇਕੌਨਮੀ (ਆਰਥਿਕਤਾ) ਕਾਰਨ, ਬ੍ਰਿਟਿਸ਼ ਕੋਲੰਬੀਆ ਦਾ ਵਿੱਤੀ ਭਵਿੱਖ ਪਹਿਲਾਂ ਕੀਤੀ ਗਈ ਭਵਿੱਖਬਾਣੀ ਨਾਲੋਂ ਜ਼ਿਆਦਾ ਮਜ਼ਬੂਤ ਹੈ। ਸੁਧਰੀ ਹਾਲਤ, ਫਰਵਰੀ ਦੇ ਬੱਜਟ ਵਿਚ ਕੀਤੇ ਗਏ ਵਾਅਦਿਆਂ ਨੂੰ, ਸੀਨੀਅਰ ਸਿਟੀਜ਼ਨਾਂ ਦੀ ਮਦਦ, ਫਸਟ ਨੇਸ਼ਨਜ਼ ਨਾਲ ਨਵੇਂ ਸਬੰਧਾਂ, ਅਤੇ ਆਪਣੀ ਇਕੌਨਮੀ ਨੂੰ ਮੁਕਾਬਲੇ ਵਾਲੀ ਅਤੇ ਜੌਬਾਂ ਪੈਦਾ ਕਰਨ ਵਾਲੀ ਬਣਾਈ ਰੱਖਣ ਲਈ ਟੈਕਸ ਘਟਾਉਣ ਵਰਗੇ ਨਵੇਂ ਕਦਮਾਂ ਨਾਲ ਪੂਰਾ ਕਰਨ ਵਿਚ ਸਰਕਾਰ ਦੀ ਮਦਦ ਕਰਦੀ ਹੈ।**

## ਸੀਨੀਅਰਾਂ ਲਈ ਮਦਦ ਵਿਚ ਸੁਧਾਰ

**ਸੀਨੀਅਰਾਂ (ਬਜ਼ੁਰਗਾਂ) ਦੀਆਂ ਜ਼ਿੰਦਗੀਆਂ ਵਿਚ ਸੁਧਾਰ ਕਰਨ ਲਈ *ਸਤੰਬਰ ਬੱਜਟ ਅੱਪਡੇਟ* ਦੇ ਨਵੇਂ ਕਦਮ ਇਸ ਦੀ ਰੂਹ ਹਨ, ਜਿਹੜੇ ਕਿ ਤਿੰਨ ਸਾਲਾਂ ਵਿਚ ਹੋਰ 242 ਮਿਲੀਅਨ ਡਾਲਰ ਪ੍ਰਦਾਨ ਕਰਦੇ ਹਨ:**

- ਤਕਰੀਬਨ 40,000 ਘੱਟ ਆਮਦਨ ਵਾਲੇ ਸੀਨੀਅਰਾਂ (ਬਜ਼ੁਰਗਾਂ) ਨੂੰ ਮਹੀਨਾਵਾਰ ਭੱਤਾ ਦੇਣ ਲਈ ਸੀਨੀਅਰਜ਼ ਸਪਲੀਮੈਂਟ ਨੂੰ ਨਵਿਆਉਣਾ;
- ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਪ੍ਰੋਗਰਾਮ ਲਈ ਸਲਾਨਾ ਫੰਡਾਂ ਨੂੰ ਦੁੱਗਣਾ ਕਰਨਾ ਤਾਂ ਜੋ ਕਿਰਾਏ 'ਤੇ ਰਹਿੰਦੇ ਘੱਟ ਆਮਦਨ ਵਾਲੇ ਸੀਨੀਅਰਾਂ ਨੂੰ ਮਿਲਦੀਆਂ ਸਬਸਿਡੀਆਂ ਵਿਚ ਸੁਧਾਰ ਹੋਵੇ, ਅਤੇ ਉਨ੍ਹਾਂ ਸੀਨੀਅਰਾਂ ਤੱਕ ਕਵਰੇਜ ਵਧਾਉਣਾ ਜਿਨ੍ਹਾਂ ਕੋਲ ਮੈਨੂਫੈੱਕਚਰਡ ਘਰ ਹਨ ਅਤੇ ਜਿਨ੍ਹਾਂ ਨੂੰ ਪੈਡਾਂ ਦੇ ਮਹੀਨਾਵਾਰ ਕਿਰਾਇਆਂ ਵਿਚ ਬਹੁਤ ਸਾਰੇ ਵਾਧੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਇਹ ਤਬਦੀਲੀਆਂ ਪਹਿਲਾਂ ਹੀ ਸੇਫਰ ਭੱਤੇ ਲੈ ਰਹੇ 12,000 ਸੀਨੀਅਰਾਂ 'ਤੇ ਲਾਗੂ ਹੋਣਗੀਆਂ ਅਤੇ 7,200 ਹੋਰ ਸੀਨੀਅਰਾਂ ਨੂੰ ਪ੍ਰੋਗਰਾਮ ਦੇ ਹੱਕਦਾਰ ਬਣਾਉਣਗੀਆਂ; ਅਤੇ
- ਸੀਨੀਅਰਾਂ ਦੀਆਂ ਸਿਹਤ ਸੰਸਥਾਵਾਂ ਨੂੰ ਨਵਿਆਉਣਾ ਅਤੇ ਸੀਨੀਅਰਾਂ ਲਈ ਵੱਖ ਵੱਖ ਸੇਵਾਵਾਂ ਨੂੰ ਮਜ਼ਬੂਤ ਕਰਨਾ ਅਤੇ ਨਵਾਂ ਰੂਪ ਦੇਣਾ ਤਾਂ ਜੋ ਉਨ੍ਹਾਂ ਦੀ ਵੱਧ ਤੋਂ ਵੱਧ ਆਜ਼ਾਦ ਰਹਿਣ ਵਿਚ ਮਦਦ ਹੋ ਸਕੇ।

### ਸੀਨੀਅਰਾਂ ਨੂੰ ਕਿਵੇਂ ਫਾਇਦਾ ਹੋਇਆ ਹੈ

ਕੋਈ ਇਕੱਲਾ ਸੀਨੀਅਰ ਜਿਸ ਦੀ ਸਲਾਨਾ ਆਮਦਨ 12,500 ਡਾਲਰ ਹੈ ਅਤੇ ਜਿਹੜਾ ਜ਼ਿਆਦਾ ਖਰਚੇ ਵਾਲੇ ਇਲਾਕੇ ਵਿਚ ਹਰ ਮਹੀਨੇ ਦਾ 700 ਡਾਲਰ ਦੇ ਰਿਹਾ/ਰਹੀ ਹੈ, ਉਸ ਨੂੰ ਸਲਾਨਾ ਇਹ ਫਾਇਦੇ ਹੋਣਗੇ:

| | |
|---|---|
| ਸੇਫਰ | 1,944 ਡਾਲਰ |
| ਸੀਨੀਅਰਜ਼ ਸਪਲੀਮੈਂਟ | 592 ਡਾਲਰ |
| ਕੁੱਲ ਸਲਾਨਾ ਲਾਭ | 2,536 ਡਾਲਰ |

ਇਸ ਵੇਲੇ ਸੀਨੀਅਰਾਂ ਦੀ ਆਬਾਦੀ ਬੀ.ਸੀ. ਵਿਚ 14 ਫੀਸਦੀ ਹੈ। ਸਾਲ 2031 ਤੱਕ, ਇਹ ਹਿੱਸਾ 23 ਫੀਸਦੀ ਹੋ ਜਾਵੇਗਾ। ਸੀਨੀਅਰ ਸਿਟੀਜ਼ਨਾਂ ਲਈ ਸਹਾਇਤਾ ਵਿਚ ਸੁਧਾਰ ਕਰਨ ਤੋਂ ਇਲਾਵਾ, ਸਰਕਾਰ ਨੇ ਉਮਰ ਅਤੇ ਸੀਨੀਅਰਾਂ ਦੇ ਮਸਲਿਆਂ ਬਾਰੇ ਪ੍ਰੀਮੀਅਰ ਦੀ ਸਲਾਹਕਾਰ ਕੌਂਸਲ ਬਣਾਈ ਹੈ ਤਾਂ ਜੋ ਬ੍ਰਿਟਿਸ਼ ਕੋਲੰਬੀਅਨਾਂ ਨਾਲ ਸਲਾਹ-ਮਸ਼ਵਰਾ ਹੋ ਸਕੇ ਅਤੇ ਇਹ ਪੱਕਾ ਕਰਨ ਵਿਚ ਮਦਦ ਮਿਲ ਸਕੇ ਕਿ ਸਾਡੇ ਸੂਬੇ ਦੇ ਸੀਨੀਅਰਾਂ ਨੂੰ ਉਹ ਸਹਾਇਤਾ ਅਤੇ ਸੇਵਾਵਾਂ ਮਿਲ ਰਹੀਆਂ ਹਨ ਜਿਨ੍ਹਾਂ ਦੀ ਉਨ੍ਹਾਂ ਨੂੰ ਭਰਪੂਰ ਅਤੇ ਵਧੀਆ ਜ਼ਿੰਦਗੀਆਂ ਜੀਣਾ ਜਾਰੀ ਰੱਖਣ ਲਈ ਲੋੜ ਹੈ।

# ਮਜ਼ਬੂਤ ਵਿੱਤੀ ਪ੍ਰਬੰਧ ਅਤੇ ਜਾਰੀ ਰਹਿਣ ਯੋਗ ਭਵਿੱਖ

## ਫਸਟ ਨੇਸ਼ਨਜ਼ ਨਾਲ ਨਵੇਂ ਸਬੰਧ ਕਾਇਮ ਕਰਨਾ

*ਸਤੰਬਰ ਬੱਜਟ ਅੱਪਡੇਟ* ਫਸਟ ਨੇਸ਼ਨਜ਼ ਨਿਊ ਰੀਲੇਸ਼ਨਸ਼ਿਪ ਫੰਡ ਲਈ ਇਕੋ ਸਮੇਂ ਦਿੱਤੇ ਜਾਣ ਵਾਲੇ 100 ਮਿਲੀਅਨ ਡਾਲਰ ਦੇ ਫੰਡ ਦੇ ਕੇ ਫਸਟ ਨੇਸ਼ਨਜ਼ ਨਾਲ ਨਵੇਂ ਸਬੰਧ ਕਾਇਮ ਕਰਨ ਦੀ ਸਰਕਾਰ ਦੀ ਵਚਨਬੱਧਤਾ ਨੂੰ ਅਗਾਂਹ ਵਧਾਉਂਦਾ ਹੈ। ਇਹ ਫੰਡ ਸਮਰੱਥਾ ਵਧਾਉਣ ਵਾਲੇ ਉੱਦਮਾਂ ਦੀ ਮਦਦ ਕਰੇਗਾ ਜਿਹੜੇ ਕਿ ਫਸਟ ਨੇਸ਼ਨਜ਼ ਕਮਿਊਨਟੀਆਂ ਨੂੰ ਜ਼ਮੀਨ ਅਤੇ ਵਸੀਲਿਆਂ ਦੀ ਵਰਤੋਂ ਨਾਲ ਸੰਬੰਧਿਤ ਸਲਾਹ-ਮਸ਼ਵਰਿਆਂ ਵਿਚ ਅਸਰਦਾਰ ਹਿੱਸੇਦਾਰ ਬਣਨ ਵਿਚ ਮਦਦ ਕਰਨਗੇ।

ਅਕਸਰ, ਸਾਰੇ ਪੱਧਰਾਂ ਦੀਆਂ ਸਰਕਾਰਾਂ ਵਲੋਂ ਦਿੱਤੇ ਜਾਣ ਵਾਲੇ ਫੰਡ ਥੋੜ੍ਹੇ ਸਮੇਂ ਦੀਆਂ ਤਰਜੀਹਾਂ ਅਤੇ ਲੋੜਾਂ ਵੱਲ ਧਿਆਨ ਦਿੰਦੇ ਹਨ, ਜਿਸ ਨਾਲ ਤੀਜੀ ਧਿਰ ਦੀ ਮੁਹਾਰਤ 'ਤੇ ਨਿਰਭਰ ਹੋਣਾ ਪੈਂਦਾ ਹੈ। ਇਹ ਫੰਡ ਜਾਰੀ ਰਹਿਣ ਵਾਲੀ ਤਰੱਕੀ, ਖੁਸ਼ਹਾਲੀ ਅਤੇ ਅਸਲੀ ਸਵੈ-ਨਿਰਭਰਤਾ ਪੈਦਾ ਕਰਨ ਲਈ ਫਸਟ ਨੇਸ਼ਨਜ਼ ਵਿਚ ਟਰੇਨਿੰਗ ਅਤੇ ਹੁਨਰਾਂ ਦੇ ਵਿਕਾਸ ਲਈ ਪੂੰਜੀ-ਨਿਵੇਸ਼ ਕਰਨਗੇ।

## ਬੀ.ਸੀ. ਦੀ ਮੁਕਾਬਲਾ ਕਰਨ ਦੀ ਸਮਰੱਥਾ ਨੂੰ ਵਧਾਉਣਾ

ਫਰਵਰੀ ਦੀਆਂ ਟੈਕਸ ਕਟੌਤੀਆਂ ਨੂੰ ਪੱਕਾ ਕਰਨ ਤੋਂ ਇਲਾਵਾ, ਜਿਸ ਵਿਚ ਘੱਟ ਅਤੇ ਦਰਮਿਆਨੀ ਆਮਦਨ ਵਾਲਿਆਂ ਲਈ ਮਹੱਤਵਪੂਰਨ ਕਦਮ ਚੁੱਕਣਾ ਸ਼ਾਮਲ ਹੈ, ਬੱਜਟ ਅੱਪਡੇਟ, ਬ੍ਰਿਟਿਸ਼ ਕੋਲੰਬੀਆ ਦੀ ਆਰਥਿਕ ਮੁਕਾਬਲਾ ਕਰਨ ਦੀ ਅਤੇ ਜੌਬਾਂ ਪੈਦਾ ਕਰਨ ਦੀ ਸਮਰੱਥਾ ਨੂੰ ਵਧਾਉਣ ਲਈ ਨਵੇਂ ਕਦਮ ਚੁੱਕਦਾ ਹੈ। ਇਨ੍ਹਾਂ ਵਿਚ ਸ਼ਾਮਲ ਹਨ:

- 1 ਜੁਲਾਈ 2005 ਤੋਂ ਜਨਰਲ ਕਾਰਪੋਰੇਟ ਇਨਕਮ ਟੈਕਸ ਰੇਟ ਨੂੰ ਇਕੌਨਮੀ ਦੇ ਸਾਰੇ ਸੈਕਟਰਾਂ ਦੇ ਫਾਇਦੇ ਲਈ 13.5 ਫੀਸਦੀ ਤੋਂ ਘਟਾ ਕੇ 12 ਫੀਸਦੀ ਕਰਨਾ; ਅਤੇ
- 1 ਜਨਵਰੀ, 2006 ਤੋਂ ਲਾਈਫ਼ ਸਾਇੰਸ ਪੇਟੈਂਟਸ ਦੇ ਵਪਾਰੀਕਰਣ ਲਈ ਟੈਕਸ ਛੋਟ ਦੇਣਾ ਤਾਂ ਜੋ ਬਾਇਓਟੈਕਨੋਲੋਜੀ ਰੀਸਰਚ ਅਤੇ ਡਿਵੈਲਪਮੈਂਟ ਲਈ ਸੈਂਟਰ ਵਜੋਂ ਬੀ.ਸੀ. ਦੇ ਵਧ ਰਹੇ ਰੁਤਬੇ ਦਾ ਫਾਇਦਾ ਉਠਾਇਆ ਜਾ ਸਕੇ।


## ਇਕ ਮਜ਼ਬੂਤ ਇਕੌਨਮੀ

2004 ਵਿਚ 3.9 ਫੀਸਦੀ ਵਾਧੇ ਨਾਲ ਦੂਜੇ ਸੂਬਿਆਂ ਵਿਚੋਂ ਮੂਹਰੀ ਬਣਨ ਤੋਂ ਬਾਅਦ, ਬ੍ਰਿਟਿਸ਼ ਕੋਲੰਬੀਆ ਦੀ ਇਕੌਨਮੀ ਨੇ ਸਾਲ 2005 ਵਿਚ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਣਾ ਜਾਰੀ ਰੱਖਿਆ ਹੈ ਅਤੇ ਰੁਜ਼ਗਾਰ, ਖਪਤਕਾਰਾਂ ਵਲੋਂ ਖਰਚ, ਗੈਰ-ਰਿਹਾਇਸ਼ੀ ਪੂੰਜੀ-ਨਿਵੇਸ਼, ਅਤੇ ਨਵੇਂ ਘਰਾਂ ਦੀ ਵੱਡੇ ਪੱਧਰਾਂ 'ਤੇ ਉਸਾਰੀ ਦੇ ਨਾਲ ਨਾਲ ਖਪਤਕਾਰੀ ਅਤੇ ਕਾਰੋਬਾਰੀ ਯਕੀਨ ਹਾਂ-ਪੱਖੀ ਗਤੀ ਨੂੰ ਜਾਰੀ ਰੱਖ ਰਹੇ ਹਨ।

ਮਨਿਸਟਰੀ ਆਫ ਫਾਇਨੈਂਸ ਨੇ ਆਪਣੀ ਆਰਥਿਕ ਪੇਸ਼ੀਨਗੋਈ ਵਿਚ ਸੁਧਾਰ ਕੀਤਾ ਹੈ ਅਤੇ ਇਹ ਹੁਣ ਸਾਲ 2005 ਲਈ ਅਸਲੀ ਜੀ ਡੀ ਪੀ 3.4 ਫੀਸਦੀ, ਸਾਲ 2006 ਵਿਚ 3.2 ਫੀਸਦੀ ਅਤੇ ਸਾਲ 2007 ਤੋਂ 2009 ਲਈ 3.1 ਫੀਸਦੀ ਹੋ ਗਈ ਹੈ।

**ਬੀ.ਸੀ. – ਆਰਥਿਕਤਾ ਵਿਚ ਮੋਹਰੀ**

2004 ਸਲਾਨਾ ਫੀਸਦੀ ਤਬਦੀਲੀ





## ਬੱਜਟ ਵਿਚ ਸਰਪਲੱਸ ਦੀ ਸੰਭਾਵਨਾ

ਸੁਧਰੀ ਹੋਈ ਆਰਥਿਕ ਹਾਲਤ ਮੁਤਾਬਕ, ਤਾਜ਼ੀ ਵਿੱਤੀ ਯੋਜਨਾ ਇਸ ਸਾਲ ਲਈ 1.3 ਬਿਲੀਅਨ ਡਾਲਰ ਦੇ ਸਰਪਲੱਸ (ਬੱਜਟ ਵਿਚ ਵਾਧੇ) ਦੀ, ਅਗਲੇ ਸਾਲ ਲਈ 600 ਮਿਲੀਅਨ ਡਾਲਰ ਅਤੇ ਸਾਲ 2007/08 ਵਿਚ 400 ਮਿਲੀਅਨ ਡਾਲਰ ਦੇ ਸਰਪਲੱਸ ਦੀ ਭਵਿੱਖਬਾਣੀ ਕਰਦੀ ਹੈ। ਮਜ਼ਬੂਤ ਸਰਪਲੱਸ ਨਾਲ ਸੂਬੇ ਦੇ ਵੱਡੇ ਇਨਫ੍ਰਾਸਟ੍ਰੱਕਚਰ ਲਈ ਪੈਸੇ ਉਧਾਰ ਲੈਣ ਦੀਆਂ ਲੋੜਾਂ ਵਿਚ ਕਮੀ ਕਰਨ ਵਿਚ ਮਦਦ ਮਿਲਦੀ ਹੈ ਅਤੇ ਫਰਵਰੀ ਦੇ ਬੱਜਟ ਦੀ ਭਵਿੱਖਬਾਣੀ ਦੇ ਮੁਕਾਬਲੇ ਕਰਜ਼ੇ ਦੇ ਆਸਾਰ ਵਿਚ ਸੁਧਾਰ ਹੁੰਦਾ ਹੈ।

**ਸੰਤੁਲਤ ਬੱਜਟ ਯੋਜਨਾ**

($ ਮਿਲੀਅਨਜ਼)



# ਮਜ਼ਬੂਤ ਵਿੱਤੀ ਪ੍ਰਬੰਧ ਅਤੇ ਜਾਰੀ ਰਹਿਣ ਯੋਗ ਭਵਿੱਖ


## ਨਵਾਂ ਇਨਫ੍ਰਾਸਟ੍ਰੱਕਚਰ ਤਿਆਰ ਕਰਨਾ

ਵਧ ਰਹੇ ਸੂਬੇ ਦੀਆਂ ਆਵਾਜਾਈ ਦੀਆਂ, ਸਿਹਤ ਦੀਆਂ ਅਤੇ ਪੜ੍ਹਾਈ ਦੀਆਂ ਲੋੜਾਂ ਪੂਰੀਆਂ ਕਰਨ ਲਈ ਸੂਬੇ ਦੀ ਕੈਪੀਟਲ ਇਨਫ੍ਰਾਸਟ੍ਰੱਕਚਰ ਪਲੈਨ, ਫਰਵਰੀ ਦੇ ਬੱਜਟ ਦੇ ਮੁਕਾਬਲੇ ਤਿੰਨ ਸਾਲਾਂ ਵਿਚ 1.1 ਬਿਲੀਅਨ ਡਾਲਰ ਦੇ ਵਾਧੇ ਨੂੰ ਸ਼ਾਮਲ ਕਰਦੀ ਹੈ। ਅਜਿਹਾ ਮੁੱਖ ਤੌਰ 'ਤੇ ਪੋਸਟ-ਸੈਕੰਡਰੀ ਅਤੇ ਹੈੱਲਥ ਸੈਕਟਰਾਂ ਵਿਚ ਵਧੇ ਪੂੰਜੀ-ਨਿਵੇਸ਼ ਕਾਰਨ ਹੋਇਆ ਹੈ।

ਬੱਜਟ ਅੱਪਡੇਟ ਸਾਲ 2005/06 ਅਤੇ 2006/07 ਲਈ 4.2 ਬਿਲੀਅਨ ਡਾਲਰਾਂ ਦੇ ਪੂੰਜੀ-ਨਿਵੇਸ਼, ਅਤੇ ਸਾਲ 2007/08 ਵਿਚ 3.7 ਬਿਲੀਅਨ ਡਾਲਰਾਂ ਦੇ ਪੂੰਜੀ-ਨਿਵੇਸ਼ ਦੀ ਵਿਵਸਥਾ ਕਰਦਾ ਹੈ, ਜੋ ਕਿ ਤਿੰਨ-ਸਾਲਾ ਵਿੱਤੀ ਯੋਜਨਾ ਦੇ ਦੌਰਾਨ ਕੁਲ 12.1 ਬਿਲੀਅਨ ਡਾਲਰ ਬਣਦੇ ਹਨ।

**ਨਵੇਂ ਇਨਫ੍ਰਾਸਟ੍ਰੱਕਚਰ ਵਿਚ ਪੂੰਜੀ-ਨਿਵੇਸ**

($ ਬਿਲੀਅਨਜ)




ਕੁੱਲ ਪੂੰਜੀ-ਨਿਵੇਸ਼।


## ਵੱਡੇ ਸਰਪਲੱਸ ਕਰਜ਼ੇ ਦੀਆਂ ਭਵਿੱਖਬਾਣੀਆਂ ਨੂੰ ਸੁਧਾਰਦੇ ਹਨ

ਸੂਬੇ ਦੇ ਇਨਫ੍ਰਾਸਟ੍ਰੱਕਚਰ ਵਿਚ ਪੂੰਜੀ-ਨਿਵੇਸ਼ ਲਈ ਫੰਡ ਨਵੇਂ ਉਧਾਰਾਂ ਰਾਹੀਂ ਮਿਲਦੇ ਹਨ। ਵਿੱਤੀ ਯੋਜਨਾ ਦੇ ਵੱਡੇ ਸਰਪਲੱਸ ਸੂਬੇ ਦੀਆਂ ਉਧਾਰ ਲੈਣ ਦੀਆਂ ਲੋੜਾਂ ਘਟਾਉਣਗੇ ਜਿਸ ਨਾਲ ਕਰਜ਼ੇ ਵਿਚ ਸੁਧਾਰ ਹੋਵੇਗਾ।

ਸੂਬਾਈ ਕਰਜ਼ਾ ਹੁਣ ਸਾਲ 2005/06 ਵਿਚ 35.9 ਬਿਲੀਅਨ ਡਾਲਰ, ਸਾਲ 2006/07 ਵਿਚ 37.3 ਬਿਲੀਅਨ ਡਾਲਰ ਅਤੇ ਸਾਲ 2007/08 ਵਿਚ 38 ਬਿਲੀਅਨ ਡਾਲਰ ਹੋਣ ਦੀ ਸੰਭਾਵਨਾ ਹੈ। ਸਾਲ 2007/08 ਲਈ ਕੁੱਲ ਕਰਜ਼ੇ ਦਾ ਅੰਦਾਜ਼ਾ ਹੁਣ ਫਰਵਰੀ ਦੇ ਬੱਜਟ ਨਾਲੋਂ 1.6 ਬਿਲੀਅਨ ਡਾਲਰ ਘੱਟ ਹੈ।

ਇਸੇ ਤਰ੍ਹਾਂ, ਟੈਕਸ ਦੇਣ ਵਾਲਿਆਂ ਦੀ ਮਦਦ ਲੈਣ ਵਾਲੀ ਡੈੱਟ-ਟੂ-ਜੀ ਡੀ ਪੀ ਰੇਸ਼ੋ ਵੀ, ਜੋ ਕਿ ਕਰਜ਼ੇ ਦੀ ਵਾਰਾ ਖਾਣ ਯੋਗਤਾ ਦਾ ਇਕ ਮੁੱਖ ਪੈਮਾਨਾ ਹੈ ਪਹਿਲਾਂ ਦੇ ਅੰਦਾਜ਼ੇ ਨਾਲੋਂ ਘੱਟ ਹੈ। ਟੈਕਸ ਦੇਣ ਵਾਲਿਆਂ ਦੀ ਮਦਦ ਲੈਣ ਵਾਲੀ ਡੈੱਟ-ਟੂ-ਜੀ ਡੀ ਪੀ ਰੇਸ਼ੋ ਘੱਟ ਕੇ ਸਾਲ 2005/06 ਵਿਚ 17.1 ਫੀਸਦੀ, ਸਾਲ 2006/07 ਵਿਚ 16.7 ਫੀਸਦੀ ਅਤੇ ਸਾਲ 2007/08 ਵਿਚ 15.8 ਫੀਸਦੀ ਹੋ ਜਾਣ ਦੀ ਸੰਭਾਵਨਾ ਹੈ।

**ਕਰਜ਼ੇ ਦੀ ਵਾਰਾ ਖਾਣ ਯੋਗਤਾ ਵਿਚ ਸੁਧਾਰ ਹੋਇਆ ਹੈ**




ਜੀ ਡੀ ਪੀ ਦੀ ਫੀਸਦੀ ਵਜੋਂ ਕਰਜ਼ਾ

## ਬੱਜਟ ਯੋਜਨਾ ਸਾਵਧਾਨੀ ਵਾਲੀ ਹੈ

ਇਹ ਪੱਕਾ ਕਰਨ ਲਈ ਕਿ ਬੱਜਟ ਸਰਪਲੱਸ ਦੇ ਟੀਚੇ ਪੂਰੇ ਹੋਣ, ਨਵੀਂ ਯੋਜਨਾ ਸਾਲ 2005/06 ਵਿਚ ਭਵਿੱਖੀ ਵਰਤੋਂ ਲਈ ਅਲਾਊਂਸ (ਫੌਰਕਾਸਟ ਅਲਾਊਂਸ) ਲਈ 300 ਮਿਲੀਅਨ ਡਾਲਰ, ਸਾਲ 2006/07 ਵਿਚ 600 ਮਿਲੀਅਨ ਡਾਲਰ ਅਤੇ ਸਾਲ 2007/08 ਵਿਚ 900 ਮਿਲੀਅਨ ਡਾਲਰ ਰੱਖ ਰਹੀ ਹੈ। ਇਹ ਅਲਾਊਂਸ ਵਿੱਤੀ ਯੋਜਨਾ ਨੂੰ ਆਮਦਨ ਦੇ ਨੁਕਸਾਨ ਦੇ ਖਤਰਿਆਂ ਤੋਂ ਬਚਾਉਣ ਵਿਚ ਮਦਦ ਕਰਨਗੇ ਜਿਸ ਵਿਚ ਕੋਮੋਡਿਟੀ ਵਸਤਾਂ ਦੀਆਂ ਕੀਮਤਾਂ ਵਿਚ ਅਚਾਨਕ ਗਿਰਾਵਟ, ਕੁਦਰਤੀ ਆਫਤਾਂ ਦਾ ਖਰਚਾ ਅਤੇ ਹੋਰ ਅਣਚਿਤਵੀਆਂ ਘਟਨਾਵਾਂ ਸ਼ਾਮਲ ਹਨ। ਭਵਿੱਖੀ ਵਰਤੋਂ ਲਈ ਅਲਾਊਂਸ, ਸਰਕਾਰੀ ਸੈਕਟਰ ਦੇ ਮੁਲਾਜ਼ਮਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਅਗਲੇ ਗੇੜ ਦੀ ਸੌਦੇਬਾਜ਼ੀ ਕਾਰਨ ਹੋਣ ਵਾਲੇ ਸੰਭਵ ਵਾਧਿਆਂ ਨੂੰ ਵੀ ਕਵਰ ਕਰਦੇ ਹਨ।

### ਬੀ.ਸੀ. ਮਾਇਕ ਜਵਾਬਦੇਹੀ ਵਿਚ ਮੋਹਰੀ

ਆਡਿਟ ਹੋਏ ਪਬਲਿਕ ਅਕਾਊਂਟਾਂ ਨੇ ਹੁਣੇ ਹੁਣੇ ਇਹ ਤਸਦੀਕ ਕੀਤੀ ਹੈ ਕਿ ਬੀ.ਸੀ. ਨੇ 2.6 ਬਿਲੀਅਨ ਡਾਲਰ ਦੇ ਸਰਪਲੱਸ ਨਾਲ ਰਿਕਾਰਡ ਕਾਇਮ ਕੀਤਾ ਅਤੇ ਸਾਲ 2004/05 ਵਿਚ 1.9 ਬਿਲੀਅਨ ਡਾਲਰ ਦਾ ਰਿਕਾਰਡ ਕਰਜ਼ਾ ਚੁਕਾਇਆ। ਸੂਬੇ ਨੇ ਅਕਾਊਂਟਿੰਗ ਦੇ ਆਮ ਮੰਨੇ ਜਾਂਦੇ ਸਿਧਾਂਤਾਂ 'ਤੇ ਪੂਰੀ ਤਰ੍ਹਾਂ ਅਮਲ ਕਰਨ ਲਈ ਅਤੇ ਸੂਬੇ ਦੇ ਬੱਜਟਾਂ ਅਤੇ ਮਾਇਕ ਰਿਪੋਰਟਾਂ ਵਿਚ ਸਕੂਲ ਜ਼ਿਲ੍ਹਿਆਂ, ਯੂਨੀਵਰਸਿਟੀਆਂ, ਕਾਲਜਾਂ ਅਤੇ ਹੈੱਲਥ ਅਥਾਰਟੀਆਂ ਤੋਂ ਮਿਲੀ ਜਾਣਕਾਰੀ ਨੂੰ ਸ਼ਾਮਲ ਕਰਨ ਲਈ ਆਪਣੀ ਤਿੰਨ-ਸਾਲਾ ਯੋਜਨਾ ਵੀ ਮੁਕੰਮਲ ਕਰ ਲਈ ਹੈ।

ਇਸ ਪ੍ਰਾਪਤੀ ਨੂੰ ਬੀ.ਸੀ. ਦੇ ਔਡੀਟਰ ਜਨਰਲ ਅਤੇ ਕੈਨੇਡੀਅਨ ਇੰਸਟੀਚਿਊਟ ਆਫ ਚਾਰਟਰਡ ਅਕਾਊਂਟੈਂਟਸ ਵਲੋਂ ਮਾਨਤਾ ਦਿੱਤੀ ਗਈ ਹੈ। ਆਪਣੀਆਂ ਮਾਇਕ ਰਿਪੋਰਟਾਂ ਨੂੰ ਸਮੇਂ ਸਿਰ ਪੂਰੀਆਂ ਕਰਨ ਅਤੇ ਕੈਨੇਡਾ ਵਿਚ ਲੋਕਾਂ ਦੀ ਜਾਣਕਾਰੀ ਲਈ ਪੇਪਰਾਂ ਦੇ ਸਭ ਤੋਂ ਵਿਆਪਕ ਸੈੱਟ ਪ੍ਰਦਾਨ ਕਰਨ ਵਿਚ ਵੀ ਬੀ.ਸੀ. ਦੂਜੇ ਸੂਬਿਆਂ ਦੀ ਅਗਵਾਈ ਕਰ ਰਿਹਾ ਹੈ।

ਸੁਨਹਿਰੀ ਦਹਾਕੇ ਲਈ ਵੱਡੇ ਟੀਚੇ

## *ਸਤੰਬਰ ਬੱਜਟ ਅੱਪਡੇਟ:* ਬੀ.ਸੀ. ਨੂੰ ਦੁਨੀਆਂ ਭਰ ਵਿਚ ਸੱਭ ਤੋਂ ਵੱਧ ਪੜ੍ਹਿਆਂ-ਲਿਖਿਆਂ ਦਾ ਇਲਾਕਾ ਬਣਾਉਣਾ।

**ਪੜ੍ਹਾਈ ਅਤੇ ਸਾਖਰਤਾ ਤਰੱਕੀ ਦੀ ਕੁੰਜੀ ਹਨ – ਲੋਕਾਂ ਲਈ ਵੀ ਅਤੇ ਸਾਡੇ ਸੂਬੇ ਲਈ ਵੀ। ਉਹ ਸਕੂਲ ਵਿਚ, ਕੰਮ 'ਤੇ ਅਤੇ ਸਾਡੀਆਂ ਜ਼ਿੰਦਗੀਆਂ ਵਿਚ ਕਾਮਯਾਬੀ ਦੀ ਰਫਤਾਰ ਤਹਿ ਕਰਨ ਵਿਚ ਸਾਡੀ ਮਦਦ ਕਰਦੇ ਹਨ ਅਤੇ ਅਜਿਹੀਆਂ ਕਾਢਾਂ ਨੂੰ ਵਿਕਸਿਤ ਕਰਦੇ ਹਨ ਜਿਨ੍ਹਾਂ ਦਾ ਸਾਡੇ ਸਮਾਜ, ਇਕੌਨਮੀ ਅਤੇ ਜ਼ਿੰਦਗੀ ਦੀ ਪੱਧਰ ਨੂੰ ਫਾਇਦਾ ਹੁੰਦਾ ਹੈ।**

***ਸਤੰਬਰ ਬੱਜਟ ਅੱਪਡੇਟ*** **ਬ੍ਰਿਟਿਸ਼ ਕੋਲੰਬੀਆ ਦੇ ਇਤਿਹਾਸ ਵਿਚ ਪੜ੍ਹਾਈ ਲਈ ਵੱਧ ਤੋਂ ਵੱਧ ਬੱਜਟ ਅਤੇ ਪ੍ਰਤੀ ਵਿਦਿਆਰਥੀ ਸੱਭ ਤੋਂ ਜ਼ਿਆਦਾ ਫੰਡਾਂ ਦੀ ਹਿਮਾਇਤ ਕਰਦਾ ਹੈ। ਇਹ ਤਿੰਨ ਸਾਲਾਂ ਦੇ ਸਮੇਂ ਦੌਰਾਨ ਫੈੱਡਰਲ ਸਰਕਾਰ ਤੋਂ ਮਿਲਣ ਵਾਲੇ 329 ਮਿਲੀਅਨ ਡਾਲਰਾਂ ਨੂੰ ਵੀ ਨਵੇਂ ਅਰਲੀ ਲਰਨਿੰਗ ਅਤੇ ਚਾਇਲਡ ਕੇਅਰ ਦੇ ਪ੍ਰੋਗਰਾਮਾਂ ਨੂੰ ਸੌਂਪਦਾ ਹੈ ਜਿਸ ਨਾਲ ਘੱਟ ਆਮਦਨ ਵਾਲੇ ਪਰਿਵਾਰਾਂ, ਅਬਰਿਜਨਲ ਲੋਕਾਂ ਅਤੇ ਖਾਸ ਲੋੜਾਂ ਵਾਲੇ ਬੱਚਿਆਂ ਵਰਗੇ ਗਰੁੱਪਾਂ ਲਈ ਉੱਚ ਪੱਧਰ ਦੀ ਚਾਇਲਡ ਕੇਅਰ ਤੱਕ ਪਹੁੰਚ ਵਿਚ ਸੁਧਾਰ ਹੁੰਦਾ ਹੈ।**


### ਪੜ੍ਹਾਈ

*ਸਤੰਬਰ ਬੱਜਟ ਅੱਪਡੇਟ* ਮਨਿਸਟਰੀ ਆਫ ਐਜੂਕੇਸ਼ਨ ਨੂੰ ਤਿੰਨ ਸਾਲਾਂ ਦੇ ਅਰਸੇ ਦੌਰਾਨ 268 ਮਿਲੀਅਨ ਡਾਲਰ ਮੁੜ ਕੇ ਸੌਂਪਦਾ ਹੈ। 2005/06 ਸਕੂਲ ਸਾਲ ਲਈ ਜਿਲ੍ਹਿਆਂ ਨੂੰ ਫੰਡ 150 ਮਿਲੀਅਨ ਡਾਲਰ ਵਧ ਰਹੇ ਹਨ – ਜੋ ਕਿ ਇਕ ਦਹਾਕੇ ਵਿਚ ਇਕ ਵੇਲੇ ਹੋਣ ਵਾਲਾ ਸੱਭ ਤੋਂ ਵੱਡਾ ਵਾਧਾ ਹੈ।

ਇਸ ਨਾਲ ਸਕੂਲ ਲਾਇਬਰੇਰੀਆਂ ਅਤੇ ਸਿੱਖਿਆ ਦੇ ਉੱਚ ਪੱਧਰ ਦੇ ਵਸੀਲਿਆਂ, ਸੰਗੀਤ ਅਤੇ ਕਲਾ ਦੇ ਪ੍ਰੋਗਰਾਮਾਂ ਤੱਕ ਪਹੁੰਚ ਵਿਚ ਸੁਧਾਰ ਹੋਵੇਗਾ ਅਤੇ ਖਾਸ ਲੋੜਾਂ ਵਾਲੇ ਹਰ ਵਿਦਿਆਰਥੀ ਦੀ ਮਦਦ ਲਈ ਵਸੀਲੇ ਉਪਲਬਧ ਹੋਣਗੇ।

**ਪੜ੍ਹਾਈ ਦੇ ਖਰਚਿਆਂ ਵਿਚ 2.2 ਬਿਲੀਅਨ ਡਾਲਰਾਂ ਦਾ ਵਾਧਾ**

ਪੜ੍ਹਾਈ; ਸਾਲ ਮੁਤਾਬਕ ਖਰਚਾ
($ ਬਿਲੀਅਨ)





### ਪੋਸਟ-ਸੈਕੰਡਰੀ ਪੜ੍ਹਾਈ

*ਸਤੰਬਰ ਬੱਜਟ ਅੱਪਡੇਟ* ਪੋਸਟ-ਸੈਕੰਡਰੀ ਸੀਟਾਂ ਦੀ ਗਿਣਤੀ ਵਧਾਉਣ ਅਤੇ ਪੜ੍ਹਾਈ ਦੀਆਂ ਫੀਸਾਂ ਨੂੰ ਵਾਰਾ ਖਾਣ ਯੋਗ ਰੱਖਣ ਲਈ ਫਰਵਰੀ ਦੇ ਬੱਜਟ ਵਿਚ ਸਾਲ 2005/06 ਲਈ 15 ਮਿਲੀਅਨ ਡਾਲਰ ਹੋਰ ਜੋੜਦਾ ਹੈ। ਫਰਵਰੀ ਦੇ ਬੱਜਟ ਦੇ ਵਾਅਦਿਆਂ ਸਮੇਤ, ਪੋਸਟ-ਸੈਕੰਡਰੀ ਪੜ੍ਹਾਈ ਲਈ ਫੰਡ ਤਿੰਨ ਸਾਲਾਂ ਦੌਰਾਨ 386 ਮਿਲੀਅਨ ਡਾਲਰ ਵਧ ਜਾਣਗੇ, ਜਿਸ ਨਾਲ ਸਾਲ 2007/8 ਤੱਕ 16,205 ਨਵੀਂਆਂ ਪੋਸਟ-ਸੈਕੰਡਰੀ ਸੀਟਾਂ ਪੈਦਾ ਕਰਨ ਅਤੇ ਸਾਲ 2010 ਤੱਕ 25,000 ਨਵੀਂਆਂ ਸੀਟਾਂ ਦਾ ਸਮੁੱਚਾ ਟੀਚਾ ਪੂਰਾ ਕਰਨ ਵਿਚ ਮਦਦ ਮਿਲੇਗੀ।

*ਸਤੰਬਰ ਬੱਜਟ ਅੱਪਡੇਟ* ਵਿਦਿਆਰਥੀਆਂ ਦੀ ਮਾਇਕ ਸਹਾਇਤਾ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ 450 ਮਿਲੀਅਨ ਡਾਲਰ ਪ੍ਰਦਾਨ ਕਰਨ ਦੀ ਵਚਨਬੱਧਤਾ ਕਾਇਮ ਰੱਖਦਾ ਹੈ ਜਿਸ ਵਿਚ ਲੋੜਵੰਦ ਵਿਦਿਆਰਥੀਆਂ ਲਈ ਕਰਜ਼ਿਆਂ ਵਿਚ ਕਟੌਤੀਆਂ, ਕਰਜ਼ੇ ਤੋਂ ਰਾਹਤ, ਕਰਜ਼ਾ ਮੁਆਫੀ ਦਾ ਪ੍ਰੋਗਰਾਮ ਅਤੇ ਡਿਸਏਬਿਲਟੀਜ਼ (ਅਪੰਗਹੀਣਤਾਵਾਂ) ਵਾਲੇ ਵਿਦਿਆਰਥੀਆਂ ਲਈ ਗਰਾਂਟਾਂ ਸ਼ਾਮਲ ਹਨ।

**ਵਿਦਿਆਰਥੀ ਦਾਖਲਾ ਅਤੇ ਪ੍ਰਤੀ ਵਿਦਿਆਰਥੀ ਫੰਡਿੰਗ**
(ਸਰਕਾਰੀ ਸਕੂਲ)




### ਸਾਖਰਤਾ ਅਤੇ ਕਲਾਵਾਂ

*ਸਤੰਬਰ ਬੱਜਟ ਅੱਪਡੇਟ* ਤਿੰਨ ਸਾਲਾਂ ਦੇ ਸਮੇਂ ਦੌਰਾਨ ਹੋਰ 12 ਮਿਲੀਅਨ ਡਾਲਰ ਬੀ.ਸੀ. ਦੀਆਂ ਪਬਲਿਕ ਲਾਇਬਰੇਰੀਆਂ ਲਈ ਨਵੇਂ ਪ੍ਰੋਗਰਾਮਾਂ ਅਤੇ ਉੱਦਮਾਂ ਲਈ ਮੁੜ ਕੇ ਸੌਂਪਦਾ ਹੈ, ਜਿਨ੍ਹਾਂ ਪ੍ਰੋਗਰਾਮਾਂ ਵਿਚ ਬਰੌਡਬੈਂਡ ਇੰਟਰਨੈੱਟ ਐਕਸੈੱਸ, 24 ਘੰਟੇ ਰੈਫਰੈਂਸ ਡੈੱਸਕ ਅਤੇ ਬੀ.ਸੀ. ਦੀ ਕਿਸੇ ਵੀ ਲਾਇਬਰੇਰੀ ਤੱਕ ਲੋਕਾਂ ਦੀ ਪਹੁੰਚ ਲਈ ਇਕ-ਕਾਰਡ ਸਿਸਟਮ ਸ਼ਾਮਲ ਹਨ। ਬੀ ਸੀ ਆਰਟਸ ਕੌਂਸਲ ਨੂੰ ਵੀ ਸੂਬੇ ਭਰ ਵਿਚ ਕਲਾ ਅਤੇ ਸੱਭਿਆਚਾਰਕ ਸੰਸਥਾਵਾਂ ਦੀ ਮਦਦ ਲਈ ਗਰਾਂਟਾਂ ਦੇਣ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ ਹੋਰ 9 ਮਿਲੀਅਨ ਡਾਲਰ ਮਿਲਣਗੇ।

# ਸੁਨਹਿਰੀ ਦਹਾਕੇ ਲਈ ਵੱਡੇ ਟੀਚੇ

## ***ਸਤੰਬਰ ਬੱਜਟ ਅੱਪਡੇਟ:*** ਉੱਤਰੀ ਅਮਰੀਕਾ ਵਿਚ ਸਿਹਤਮੰਦ ਰਹਿਣੀ ਅਤੇ ਸਰੀਰਕ ਤੰਦਰੁਸਤੀ ਵਿਚ ਮੋਹਰੀ ਬਣਨਾ

***ਸਤੰਬਰ ਬੱਜਟ ਅੱਪਡੇਟ* ਬਹੁਤ ਸਾਰੇ ਉਨ੍ਹਾਂ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਫੰਡ ਮੁੜ ਕੇ ਪੱਕੇ ਕਰਦਾ ਹੈ ਜਿਹੜੇ ਬ੍ਰਿਟਿਸ਼ ਕੋਲੰਬੀਅਨਾਂ ਦੀ ਸਿਹਤਮੰਦ ਅਤੇ ਸਰਗਰਮ ਜ਼ਿੰਦਗੀਆਂ ਜਿਊਣ ਵਿਚ ਮਦਦ ਕਰਦੇ ਹਨ ਅਤੇ ਉਤਸ਼ਾਹ ਦਿੰਦੇ ਹਨ।**

ਸੂਬਾ ਸਾਲ 2007/08 ਤੱਕ ਹੈੱਲਥ ਕੇਅਰ ਅਤੇ ਤੰਦਰੁਸਤੀ ਦੇ ਉੱਦਮਾਂ ਲਈ ਹੋਰ 1.5 ਬਿਲੀਅਨ ਡਾਲਰ ਦੇਵੇਗਾ ਜੋ ਕਿ ਸਰਕਾਰ ਦੇ ਕਿਸੇ ਵੀ ਕੰਮ ਲਈ ਸੱਭ ਤੋਂ ਵੱਡਾ ਵਾਧਾ ਹੈ। ਸਿਹਤ ਉੱਪਰ ਖਰਚਾ ਹਰ ਸਾਲ ਵਧਣਾ ਜਾਰੀ ਰੱਖ ਰਿਹਾ ਹੈ ਅਤੇ ਇਹ ਪਿਛਲੇ ਪੰਜ ਸਾਲਾਂ ਦੌਰਾਨ 32 ਫੀਸਦੀ ਵਧ ਗਿਆ ਹੈ।


*ਸਤੰਬਰ ਬੱਜਟ ਅੱਪਡੇਟ* ਕਰਿਟੀਕਲ ਸੇਵਾਵਾਂ ਜਿਵੇਂ ਕਿ ਕੈਂਸਰ ਦੇ ਇਲਾਜ, ਦਿਲ ਦੇ ਇਲਾਜ, ਜੋੜਾਂ ਦੀ ਬਦਲੀ ਅਤੇ ਨਿਗ੍ਹਾ ਦੇ ਇਲਾਜ ਤੱਕ ਪਹੁੰਚ ਵਿਚ ਸੁਧਾਰ ਕਰਨ ਲਈ ਤਿੰਨ-ਸਾਲਾ ਯੋਜਨਾ ਦੀ ਮਦਦ ਕਰਦਾ ਹੈ ਅਤੇ ਅਜਿਹਾ ਇਹ ਵਾਧੂ ਫੰਡ ਦੇ ਕੇ ਹੋ ਰਿਹਾ ਹੈ:

- ਫਾਰਮਾਕੇਅਰ ਲਈ ਤਿੰਨ ਸਾਲਾਂ ਦੌਰਾਨ 465 ਮਿਲੀਅਨ ਡਾਲਰ;
- ਚੂਲੇ ਅਤੇ ਗੋਡੇ ਦੀਆਂ ਬਦਲੀਆਂ, ਰੋਗਾਂ ਦੀ ਪਛਾਣ, ਅਤੇ ਹੋਰ ਅਕਿਊਟ ਕੇਅਰ ਸੇਵਾਵਾਂ ਤੱਕ ਬਿਹਤਰ ਪਹੁੰਚ ਪ੍ਰਦਾਨ ਕਰਨ ਲਈ ਤਿੰਨ ਸਾਲਾਂ ਦੌਰਾਨ 200 ਮਿਲੀਅਨ ਡਾਲਰ;
- ਜਨਤਕ ਸਿਹਤ ਉੱਦਮਾਂ ਲਈ ਤਿੰਨ ਸਾਲਾਂ ਦੌਰਾਨ 100 ਮਿਲੀਅਨ ਡਾਲਰ ਜਿਸ ਵਿਚ ਐਕਟ ਨਾਊ ਬੀ ਸੀ ਵੀ ਸ਼ਾਮਲ ਹੈ – ਜੋ ਕਿ ਚੰਗੀ ਸਿਹਤ ਨੂੰ ਉਤਸ਼ਾਹ ਦੇਣ ਅਤੇ ਬੀਮਾਰੀਆਂ ਤੋਂ ਰੋਕਥਾਮ ਕਰਨ ਦਾ ਪ੍ਰੋਗਰਾਮ ਹੈ;
- ਬੀ ਸੀ ਐਂਬੂਲੈਂਸ ਸਰਵਿਸ ਲਈ 100 ਮਿਲੀਅਨ ਡਾਲਰ;
- ਸਿਹਤ ਬਾਰੇ ਖੋਜ ਲਈ 100 ਮਿਲੀਅਨ ਡਾਲਰ ਦੀ ਵਚਨਬੱਧਤਾ ਦਾ ਪੂਰਾ ਹੋਣਾ;
- ਨਰਸਾਂ ਦੀ ਭਰਤੀ, ਟਰੇਨਿੰਗ ਅਤੇ ਉਨ੍ਹਾਂ ਨੂੰ ਰੱਖੀ ਰੱਖਣ ਲਈ ਤਿੰਨ ਸਾਲਾਂ ਦੌਰਾਨ 77 ਮਿਲੀਅਨ ਡਾਲਰ; ਅਤੇ
- ਹੋਮ ਕੇਅਰ (ਘਰ ਵਿਚ ਸੰਭਾਲ), ਰੈਜ਼ੀਡੈਂਸ਼ਲ ਕੇਅਰ (ਰਿਹਾਇਸ਼ੀ ਸੰਭਾਲ), ਪੀੜ-ਘਟਾਊ ਸੰਭਾਲ, ਮਾਨਸਿਕ ਸਿਹਤ ਅਤੇ ਨਸ਼ੇ ਛੁਡਾਉਣ ਦੀਆਂ ਸੇਵਾਵਾਂ ਤੱਕ ਪਹੁੰਚ ਵਿਚ ਸੁਧਾਰ ਕਰਨ ਲਈ ਤਿੰਨ ਸਾਲਾਂ ਦੌਰਾਨ 200 ਮਿਲੀਅਨ ਡਾਲਰ।

*ਸਤੰਬਰ ਬੱਜਟ ਅੱਪਡੇਟ* ਛੋਟੇ ਬਾਲਾਂ ਅਤੇ ਛੋਟੇ ਬੱਚਿਆਂ ਦੀ ਨਿਗ੍ਹਾ, ਦੰਦ ਅਤੇ ਸੁਣਨ-ਸ਼ਕਤੀ ਚੈੱਕ ਕਰਨ ਲਈ ਹੋਰ 73 ਮਿਲੀਅਨ ਡਾਲਰ ਦੇਣ ਦੀ ਯੋਜਨਾ ਨੂੰ ਪੱਕਾ ਕਰਦਾ ਹੈ। ਇਹ ਸਰੀਰਕ ਤੰਦਰੁਸਤੀ ਅਤੇ ਸਿਹਤਮੰਦ ਕਮਿਊਨਿਟੀਆਂ ਨੂੰ ਉਤਸ਼ਾਹ ਦੇਣ ਦੀ ਵੀ ਹਿਮਾਇਤ ਕਰਦਾ ਹੈ ਅਤੇ ਇਲਾਕਾਈ ਖੇਡ ਸਹੂਲਤਾਂ ਲਈ 50 ਮਿਲੀਅਨ ਡਾਲਰ ਅਤੇ ਵੱਡੀਆਂ ਪੋਸਟ-ਸੈਕੰਡਰੀ ਖੇਡ ਟਰੇਨਿੰਗ ਸਹੂਲਤਾਂ ਲਈ 60 ਮਿਲੀਅਨ ਡਾਲਰ ਪ੍ਰਦਾਨ ਕਰਦਾ ਹੈ।

**ਸਿਹਤ ਨਾਲ ਸੰਬੰਧੀ ਖਰਚਿਆਂ ਵਿਚ 3.7 ਬਿਲੀਅਨ ਡਾਲਰ ਦਾ ਵਾਧਾ**

ਸਿਹਤ; ਸਾਲ ਮੁਤਾਬਕ ਖਰਚਾ
(ਬਿਲੀਅਨਜ)



# ਸੁਨਹਿਰੀ ਦਹਾਕੇ ਲਈ ਵੱਡੇ ਟੀਚੇ

**ਸਤੰਬਰ ਬੱਜਟ ਅੱਪਡੇਟ ਫਰਵਰੀ 2005 ਦੇ ਬੱਜਟ ਦੇ ਵਾਅਦਿਆਂ ਨੂੰ ਪੱਕਾ ਕਰਦਾ ਹੈ ਅਤੇ ਬ੍ਰਿਟਿਸ਼ ਕੋਲੰਬੀਆ ਦੀ ਇਹ ਮਹਿਸੂਸ ਕਰਨ ਵਿਚ ਮਦਦ ਕਰਨ ਲਈ ਨਵੇਂ ਮਾਪਦੰਡ ਕਾਇਮ ਕਰਦਾ ਹੈ ਕਿ ਬ੍ਰਿਟਿਸ਼ ਕੋਲੰਬੀਆ ਰਹਿਣ, ਕੰਮ ਕਰਨ ਅਤੇ ਪਰਿਵਾਰ ਨੂੰ ਪਾਲਣ ਲਈ ਧਰਤੀ 'ਤੇ ਸਭ ਤੋਂ ਵਧੀਆਂ ਥਾਂ ਹੈ। ਆਪਣੀ ਤਰੱਕੀ ਦੀ ਅਗਵਾਈ ਲਈ ਸਰਕਾਰ ਨੇ ਅਗਲੇ ਦਹਾਕੇ ਲਈ ਪੰਜ ਵੱਡੇ ਟੀਚੇ ਮਿੱਥੇ ਹਨ।**

## ਸਤੰਬਰ ਬੱਜਟ ਅੱਪਡੇਟ: ਅਪਾਹਜ ਵਿਅਕਤੀਆਂ, ਖਾਸ ਲੋੜਾਂ ਵਾਲੇ ਲੋਕਾਂ, ਖਤਰੇ ਵਿਚਲੇ ਬੱਚਿਆਂ ਅਤੇ ਬਜ਼ੁਰਗਾਂ ਲਈ ਕੈਨੇਡਾ ਵਿਚ ਮਦਦ ਦਾ ਸੱਭ ਤੋਂ ਬਿਹਤਰ ਸਿਸਟਮ ਤਿਆਰ ਕਰਨਾ।

**ਹਰ ਇਕ ਨੂੰ ਭਰਪੂਰ, ਅਤੇ ਪ੍ਰਾਪਤੀਆਂ ਵਾਲੀ ਜ਼ਿੰਦਗੀ ਜੀਣ ਅਤੇ ਆਪਣੀਆਂ ਸੰਭਾਵਨਾਵਾਂ ਪ੍ਰਾਪਤ ਕਰਨ ਦਾ ਮੌਕਾ ਮਿਲਣ ਦਾ ਹੱਕ ਹੈ। ਸਤੰਬਰ ਬੱਜਟ ਅੱਪਡੇਟ ਬ੍ਰਿਟਿਸ਼ ਕੋਲੰਬੀਆ ਦੇ ਜ਼ਿਆਦਾ ਲੋੜ ਵਾਲੇ ਲੋਕਾਂ ਦੀ ਜ਼ਿੰਦਗੀ ਦੇ ਪੱਧਰ ਵਿਚ ਸੁਧਾਰ ਕਰਨ ਅਤੇ ਇਸ ਦੀ ਰੱਖਿਆ ਕਰਨ ਲਈ ਫਰਵਰੀ ਦੇ ਬੱਜਟ ਵਿਚ ਵਾਧਾ ਕਰਦਾ ਹੈ ਅਤੇ ਸੀਨੀਅਰ ਸਿਟੀਜ਼ਨਾਂ ਦੀ ਸਹਾਇਤਾ ਵਿਚ ਸੁਧਾਰ ਕਰਨ ਲਈ 242 ਮਿਲੀਅਨ ਡਾਲਰ ਦੇ ਨਵੇਂ ਫੰਡ ਦਿੰਦਾ ਹੈ।**


**ਇਨ੍ਹਾਂ ਨਵੇਂ ਮਾਪਦੰਡਾਂ ਵਿਚ ਸ਼ਾਮਲ ਹਨ:**

- ਘੱਟ ਆਮਦਨ ਵਾਲੇ ਸੀਨੀਅਰਾਂ (ਬਜ਼ੁਰਗਾਂ) ਨੂੰ ਮਹੀਨਾਵਾਰ ਭੱਤਾ ਦੇਣ ਲਈ ਸੀਨੀਅਰਜ਼ ਸਪਲੀਮੈਂਟ ਨੂੰ ਨਵਿਆਉਣਾ;
- ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਪ੍ਰੋਗਰਾਮ ਲਈ ਸਲਾਨਾ ਫੰਡਾਂ ਨੂੰ ਦੁੱਗਣਾ ਕਰਨਾ ਤਾਂ ਜੋ ਕਿਰਾਏ 'ਤੇ ਰਹਿੰਦੇ ਘੱਟ ਆਮਦਨ ਵਾਲੇ ਸੀਨੀਅਰਾਂ ਨੂੰ ਮਿਲਦੀਆਂ ਸਬਸਿਡੀਆਂ ਵਿਚ ਸੁਧਾਰ ਹੋਵੇ, ਅਤੇ ਉਨ੍ਹਾਂ ਸੀਨੀਅਰਾਂ ਤੱਕ ਕਵਰੇਜ ਵਧਾਉਣਾ ਜਿਨ੍ਹਾਂ ਕੋਲ ਮੈਨੂਫੈੱਕਚਰਡ ਘਰ ਹਨ ਅਤੇ ਜਿਹੜੇ ਪੈਡਾਂ ਦਾ ਮਹੀਨਾਵਾਰ ਕਿਰਾਇਆ ਦਿੰਦੇ ਹਨ; ਅਤੇ
- ਸੀਨੀਅਰਾਂ ਦੀਆਂ ਸਿਹਤ ਸੰਸਥਾਵਾਂ ਨੂੰ ਨਵਿਆਉਣਾ ਅਤੇ ਸੀਨੀਅਰਾਂ ਲਈ ਵੱਖ ਵੱਖ ਸੇਵਾਵਾਂ ਨੂੰ ਮਜ਼ਬੂਤ ਕਰਨਾ ਅਤੇ ਨਵਾਂ ਰੂਪ ਦੇਣਾ ਤਾਂ ਜੋ ਉਨ੍ਹਾਂ ਦੀ ਵੱਧ ਤੋਂ ਵੱਧ ਆਜ਼ਾਦ ਰਹਿਣ ਵਿਚ ਮਦਦ ਹੋ ਸਕੇ।

ਇਹ ਨਵੇਂ ਕਦਮ ਫਰਵਰੀ ਦੇ ਬੱਜਟ ਦੀ ਯੋਜਨਾ ਮੁਤਾਬਕ ਹਨ, ਜਿਸ ਵਿਚ ਤਿੰਨ ਸਾਲਾਂ ਦੌਰਾਨ ਇਹ ਵਾਧੂ ਫੰਡ ਦਿੱਤੇ ਗਏ ਹਨ:

- ਇਨਕਮ ਅਸਿਸਟੈਂਸ ਦੇ ਕੇਸਾਂ ਦੇ ਬੋਝ ਦਾ ਹੱਲ ਕਰਨ ਲਈ ਅਤੇ ਅਪਾਹਜ ਵਿਅਕਤੀਆਂ ਲਈ ਸਹਾਇਤਾ ਵਿਚ ਹਰ ਮਹੀਨੇ 70 ਡਾਲਰ ਤੱਕ ਵਾਧਾ ਕਰਨ ਲਈ – ਬੀ.ਸੀ. ਦੇ ਇਤਿਹਾਸ ਵਿਚ ਇੱਕੋ ਵੇਲੇ ਹੋਣ ਵਾਲਾ ਸੱਭ ਤੋਂ ਵੱਡਾ ਵਾਧਾ, ਅਤੇ 10 ਸਾਲਾਂ ਤੋਂ ਵੀ ਜ਼ਿਆਦਾ ਸਮੇਂ ਵਿਚ ਪਹਿਲਾ ਮਹੱਤਵਪੂਰਨ ਵਾਧਾ;
- 91 ਮਿਲੀਅਨ ਡਾਲਰ ਕਮਿਉਨਟੀ ਲਿਵਿੰਗ ਸੇਵਾਵਾਂ ਲਈ;
- 36 ਮਿਲੀਅਨ ਡਾਲਰ ਸੋਸ਼ਲ ਹਾਊਸਿੰਗ (ਸਮਾਜਿਕ ਰਿਹਾਇਸ਼ਾਂ) ਲਈ ਅਤੇ 24 ਮਿਲੀਅਨ ਡਾਲਰ ਸਹਾਇਤਾਕਰੀ ਅਤੇ ਟ੍ਰਾਂਜ਼ੀਸ਼ਨ ਹਾਊਸਿੰਗ (ਆਰਜ਼ੀ ਰਿਹਾਇਸ਼ੀ) ਪ੍ਰੋਜੈਕਟਾਂ ਲਈ;
- 15 ਮਿਲੀਅਨ ਡਾਲਰ ਐਮਰਜੰਸੀ ਰਿਹਾਇਸ਼ਾਂ ਲਈ;
- 37 ਮਿਲੀਅਨ ਡਾਲਰ, ਆਰਜ਼ੀ ਰਿਹਾਇਸ਼ਾਂ, ਆਊਟਰੀਚ ਪ੍ਰੋਗਰਾਮਾਂ, ਅਤੇ ਘਰੇਲੂ ਹਿੰਸਾ ਤੋਂ ਭੱਜ ਰਹੀਆਂ ਔਰਤਾਂ ਅਤੇ ਬੱਚਿਆਂ ਨਾਲ ਸੰਬੰਧਿਤ ਸੇਵਾਵਾਂ ਲਈ – ਜੋ ਕਿ ਇਕ ਦਹਾਕੇ ਵਿਚ ਸੱਭ ਤੋਂ ਵੱਡਾ ਵਾਧਾ ਹੈ;
- 15 ਮਿਲੀਅਨ ਡਾਲਰ ਫੈਮਿਲੀ ਲਾਅ ਉੱਦਮਾਂ ਲਈ ਜਿਨ੍ਹਾਂ ਦਾ ਮਕਸਦ ਨਾਗਰਿਕਾਂ ਦੀਆਂ ਲੋੜਾਂ ਅਤੇ ਕਾਨੂੰਨੀ ਸਿਸਟਮ ਦੀ ਸਮਰੱਥਾ ਵਿਚਕਾਰ ਸੰਤੁਲਨ ਰੱਖਣਾ ਹੈ;
- 26 ਮਿਲੀਅਨ ਡਾਲਰ, ਬੱਚਿਆਂ ਨੂੰ ਆਪਣੇ ਪਰਿਵਾਰਾਂ ਅਤੇ ਕਮਿਉਨਟੀਆਂ ਵਿਚ ਸੁਰੱਖਿਅਤ ਰੱਖਣ ਲਈ ਰੋਕਥਾਮ ਕਰਨ ਅਤੇ ਸੰਭਾਲ ਤੋਂ ਬਾਹਰਲੀਆਂ (ਆਊਟ-ਆਫ-ਕੇਅਰ) ਚੋਣਾਂ ਦੀ ਮਦਦ ਕਰਨ ਲਈ; ਅਤੇ
- 140 ਮਿਲੀਅਨ ਡਾਲਰ, ਖਾਸ ਲੋੜਾਂ ਵਾਲੇ ਬੱਚਿਆਂ ਅਤੇ ਜਵਾਨਾਂ ਨੂੰ ਮਿਲਦੀਆਂ ਸੇਵਾਵਾਂ ਵਿਚ ਵਾਧਾ ਕਰਨ ਲਈ।

**ਬ੍ਰਿਟਿਸ਼ ਕੋਲੰਬੀਆ ਦੇ ਡਿਸਏਬਿਲਟੀਜ਼ ਵਾਲੇ ਜ਼ਿਆਦਾ ਲੋਕਾਂ ਨੂੰ ਮਦਦ ਮਿਲ ਰਹੀ ਹੈ**




ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਲਈ ਇਨਕਮ ਅਸਿਸਟੈਂਸ ਦਾ ਕੇਸਲੋਡ

ਸਾਲ 2001 ਤੋਂ ਲੈ ਕੇ ਬੀ.ਸੀ. ਇਨਕਮ ਅਸਿਸਟੈਂਸ ਦਾ ਕੇਸਲੋਡ ਬਹੁਤ ਬਦਲ ਗਿਆ ਹੈ। ਆਰਜ਼ੀ ਸਹਾਇਤਾ ਲੈ ਰਹੇ ਲੋਕਾਂ ਦੀ ਗਿਣਤੀ ਘੱਟ ਗਈ ਹੈ ਕਿਉਂਕਿ ਕੰਮ ਕਰਨ ਯੋਗ ਲੋਕ ਕੰਮ ਕਰਨ ਲੱਗ ਪਏ ਹਨ ਅਤੇ ਡਿਸਏਬਿਲਟੀਜ਼ ਵਾਲੇ ਵਿਅਕਤੀਆਂ ਨੂੰ ਜ਼ਿਆਦਾ ਸਹਾਇਤਾ ਦਿੱਤੀ ਜਾ ਰਹੀ ਹੈ।

# ਸੁਨਹਿਰੀ ਦਹਾਕੇ ਲਈ ਵੱਡੇ ਟੀਚੇ

## ਸਤੰਬਰ ਬੱਜਟ ਅੱਪਡੇਟ:

## ਬਿਹਤਰੀਨ ਹਵਾ ਅਤੇ ਪਾਣੀ ਦੀ ਕੁਆਲਟੀ ਅਤੇ ਮੱਛੀਆਂ ਦੇ ਬਿਹਤਰ ਪ੍ਰਬੰਧ ਨਾਲ ਵਾਤਾਵਰਣ ਦੇ ਕਾਇਮ-ਮੁਕਾਮ ਪ੍ਰਬੰਧ ਵਿਚ ਦੁਨੀਆਂ ਦੀ ਅਗਵਾਈ ਕਰਨਾ।

**ਸਿਹਤਮੰਦ ਰਹਿਣੀ-ਬਹਿਣੀ ਲਈ ਸਿਹਤਮੰਦ ਵਾਤਾਵਰਣ ਬਹੁਤ ਜ਼ਰੂਰੀ ਹੈ। ਸਤੰਬਰ ਬੱਜਟ ਅੱਪਡੇਟ ਉਸ ਕੁਦਰਤੀ ਆਲੇ ਦੁਆਲੇ ਨੂੰ ਸਾਂਭਣ ਅਤੇ ਇਸ ਦੀ ਰੱਖਿਆ ਕਰਨ ਲਈ ਦਿੱਤੇ ਜਾਣ ਵਾਲੇ ਵਾਧੂ ਫੰਡਾਂ ਨੂੰ ਪੱਕਾ ਕਰਦਾ ਹੈ ਜਿਹੜਾ ਦੁਨੀਆਂ ਨੂੰ ਸਾਡੇ ਸੂਬੇ ਬਾਰੇ ਦੱਸਣ ਵਿਚ ਮਦਦ ਕਰਦਾ ਹੈ।**

**ਇਨ੍ਹਾਂ ਉੱਦਮਾਂ ਵਿਚ ਅੱਗੇ ਲਿਖੀਆਂ ਚੀਜ਼ਾਂ ਲਈ ਤਿੰਨ ਸਾਲ ਮਿਲਣ ਵਾਲੇ ਫੰਡ ਸ਼ਾਮਲ ਹਨ:**

- ਬੀ.ਸੀ. ਦੇ 80 ਮਿਲੀਅਨ ਡਾਲਰ ਦੇ ਨਵੇਂ ਕਮਿਉਨਟੀ ਵਾਟਰ ਇਮਪਰੂਵਮੈਂਟ ਪ੍ਰੋਗਰਾਮ ਨੂੰ ਤੇਜ਼ ਕਰਨ ਲਈ 5 ਮਿਲੀਅਨ ਡਾਲਰ;
- ਸਰਕਾਰੀ ਜ਼ਮੀਨ ’ਤੇ ਦੂਸ਼ਤ ਥਾਵਾਂ ਦੀ ਸਫਾਈ ਕਰਨ ਲਈ 66 ਮਿਲੀਅਨ ਡਾਲਰ;
- ਐਨਵਾਇਰਨਮੈਂਟਲ ਅਸੈੱਸਮੈਂਟ ਆਫਿਸ ਦੀ ਸਮਰੱਥਾ ਵਧਾਉਣ ਲਈ 5 ਮਿਲੀਅਨ ਡਾਲਰ;
- 150 ਤੱਕ ਦੇ ਮੈਂਬਰਾਂ ਵਾਲਾ ਕਨਜ਼ਰਵੇਸ਼ਨ ਕੌਰਪਸ ਸਥਾਪਤ ਕਰਨ ਲਈ 16 ਮਿਲੀਅਨ ਡਾਲਰ ਅਤੇ 50 ਤੱਕ ਹੋਰ ਨਵੇਂ ਪਾਰਕ ਰੇਂਜਰਜ਼ ਅਤੇ ਕਨਜ਼ਰਵੇਸ਼ਨ ਅਫਸਰ;
- ਲੈਂਡ-ਯੂਜ਼ ਪਲੈਨਿੰਗ ਸਰਗਰਮੀਆਂ ਦੀ ਮਦਦ ਲਈ 28 ਮਿਲੀਅਨ ਡਾਲਰ;
- 8 ਮਿਲੀਅਨ ਡਾਲਰ ਡਰਿੰਕਿੰਗ ਵਾਟਰ ਪ੍ਰੋਟੈਕਸ਼ਨ ਐਕਟ ਨੂੰ ਲਾਗੂ ਕਰਨ ਲਈ; ਅਤੇ
- 6 ਮਿਲੀਅਨ ਡਾਲਰ ਮੱਛੀਆਂ ਦੇ ਮੁਆਇਨੇ ਅਤੇ ਨਿਗਰਾਨੀ ਅਤੇ ਜਲਜੀਵਾਂ ਦੀ ਸਿਹਤ ਵਿਚ ਸੁਧਾਰ ਕਰਨ ਲਈ।

### ਗਰੀਨਹਾਊਸ ਗੈਸਾਂ ਦਾ ਧੂੰਆਂ ਘਟਾਉਣ ਲਈ ਟੈਕਸਾਂ ਵਿਚ ਤਬਦੀਲੀਆਂ

*ਸਤੰਬਰ ਬੱਜਟ ਅੱਪਡੇਟ* ਊਰਜਾ (ਐਨਰਜੀ) ਦੇ ਸਾਫ, ਬਦਲਵੇਂ ਵਸੀਲਿਆਂ ਦੀ ਤਿਆਰੀ ਅਤੇ ਵਰਤੋਂ ਨੂੰ ਉਤਸ਼ਾਹ ਦੇਣ ਦੀ ਯੋਜਨਾ ਨੂੰ ਮੁੜ ਕੇ ਦ੍ਰਿੜਾਉਂਦਾ ਹੈ ਅਤੇ ਇਸ ਲਈ ਟੈਕਸਾਂ ਵਿਚ ਤਬਦੀਲੀਆਂ ਕਰਦਾ ਹੈ, ਜਿਸ ਵਿਚ ਸ਼ਾਮਲ ਹਨ:

- ਹਾਈਬਰਿਡ ਇਲੈੱਕਟ੍ਰਿਕ ਪੈਸੰਜਰ ਗੱਡੀਆਂ ਖਰੀਦਣ ਵਾਲੇ ਲੋਕਾਂ ਦੇ ਪੈਸੇ ਬਚਾਉਣ ਲਈ ਸੂਬਾਈ ਸੇਲਜ਼ ਟੈਕਸ (ਪੀ ਐੱਸ ਟੀ) ਵਿਚ 2,000 ਡਾਲਰ ਤੱਕ ਦੀ ਛੋਟ (31 ਮਾਰਚ, 2008 ਤੱਕ);
- ਰਿਹਾਇਸ਼ੀ ਘਰਾਂ ਨੂੰ ਗਰਮ ਕਰਨ ਲਈ ਊਰਜਾ ਬਚਾਊ ਯੋਗ ਸਾਜ਼-ਸਮਾਨ ਲਈ ਪੀ ਐੱਸ ਟੀ ਵਿਚ ਦੋ ਸਾਲਾਂ ਲਈ ਛੋਟ; ਅਤੇ
- ਯੋਗ ਹਾਈਡ੍ਰੋਇਲੈੱਕਟ੍ਰਿਕ ਪ੍ਰੋਜੈੱਕਟਾਂ ਲਈ ਸੂਬਾਈ (ਸਕੂਲ) ਪ੍ਰਾਪਰਟੀ ਟੈਕਸ ਤੋਂ ਅੰਸ਼ਕ ਛੋਟ।

ਫਰਵਰੀ ਦੇ ਬੱਜਟ ਤੋਂ ਲੈ ਕੇ, ਨਵੇਂ ਬੀ.ਸੀ. ਕਨਜ਼ਰਵੇਸ਼ਨ ਕੌਰਪਸ ਨੇ ਵਾਤਾਵਰਣ ਦੀ ਸੁਰੱਖਿਆ ਅਤੇ ਵਾਧੇ ਲਈ ਤਕਰੀਬਨ 150 ਵਿਦਿਆਰਥੀ ਅਤੇ ਗਰੈਜੂਏਟ ਰੱਖੇ ਹਨ। ਸਰਕਾਰ ਅਗਲੇ ਤਿੰਨ ਸਾਲਾਂ ਦੌਰਾਨ ਕੌਰਪਸ ਵਿਚ 9 ਮਿਲੀਅਨ ਡਾਲਰ ਲਗਾ ਰਹੀ ਹੈ, ਜੋ ਕਿ 21ਵੀਂ ਸਦੀ ਲਈ ਰਖਵਾਲਿਆਂ ਦੀ ਇਕ ਨਵੀਂ ਪੀੜ੍ਹੀ ਪੈਦਾ ਕਰਨ ਲਈ ਲੰਮੇ ਸਮੇਂ ਦਾ ਪ੍ਰੋਗਰਾਮ ਹੈ।

# ਸੁਨਹਿਰੀ ਦਹਾਕੇ ਲਈ ਵੱਡੇ ਟੀਚੇ

## ਸਤੰਬਰ ਬੱਜਟ ਅੱਪਡੇਟ:

## ਕੈਨੇਡਾ ਵਿਚ ਪ੍ਰਤੀ ਵਿਅਕਤੀ ਸੱਭ ਤੋਂ ਜ਼ਿਆਦਾ ਜੌਬਾਂ ਪੈਦਾ ਕਰਨਾ


**ਸਾਲ 2004 ਵਿਚ 3.9 ਫੀਸਦੀ ਵਾਧੇ ਨਾਲ ਸੂਬਿਆਂ ਦੀ ਅਗਵਾਈ ਕਰਨ ਤੋਂ ਬਾਅਦ, ਬ੍ਰਿਟਿਸ਼ ਕੋਲੰਬੀਆ ਦੀ ਇਕੌਨਮੀ ਨੇ ਸਾਲ 2005 ਵਿਚ ਪ੍ਰਭਾਵਸ਼ਾਲੀ ਢੰਗ ਨਾਲ ਚੱਲੀ ਜਾਣਾ ਜਾਰੀ ਰੱਖਿਆ ਹੈ ਅਤੇ ਰੁਜ਼ਗਾਰ ਵਿਚ ਹਾਂ-ਪੱਖੀ ਵਾਧੇ, ਉਪਭੋਗਤਾਵਾਂ ਵਲੋਂ ਖਰਚੇ, ਘਰਾਂ ਦੀ ਉਸਾਰੀ ਅਤੇ ਗੈਰ-ਰਿਹਾਇਸ਼ੀ ਪ੍ਰੋਜੈਕਟਾਂ ਵਿਚ ਪੂੰਜੀ-ਨਿਵੇਸ਼, ਅਤੇ ਘਰਾਂ ਦੀ ਉਸਾਰੀ ਦੇ ਵੱਡੇ ਪੱਧਰਾਂ ਦੇ ਨਾਲ ਉਪਭੋਗਤਾਵਾਂ ਅਤੇ ਕਾਰੋਬਾਰਾਂ ਦਾ ਭਰੋਸਾ ਕਾਇਮ ਰਿਹਾ ਹੈ।**

*ਸਤੰਬਰ ਬੱਜਟ ਅੱਪਡੇਟ* ਬੀ.ਸੀ. ਦੀ ਇਕੌਨਮੀ ਨੂੰ ਮਜ਼ਬੂਤ ਰੱਖਣ ਅਤੇ ਜੌਬਾਂ ਪੈਦਾ ਕਰਨ ਦੀ ਮਦਦ ਲਈ ਨਵੇਂ ਮਾਪਦੰਡ ਮੁਹਈਆ ਕਰਦਾ ਹੈ:

- ਇਕੌਨਮੀ ਦੇ ਸਾਰੇ ਸੈੱਕਟਰਾਂ ਦੇ ਫਾਇਦੇ ਲਈ ਜਨਰਲ ਕਾਰਪੋਰੇਟ ਇਨਕਮ ਟੈਕਸ ਦੇ ਰੇਟ ਨੂੰ 13.5 ਫੀਸਦੀ ਤੋਂ ਘਟਾ ਕੇ 12 ਫੀਸਦੀ ਕਰਨਾ;
- ਲਾਈਫ਼ ਸਾਇੰਸ ਪੇਟੈਂਟਸ ਦੇ ਅੰਤਰਰਾਸ਼ਟਰੀ ਵਪਾਰੀਕਰਣ ਲਈ ਟੈਕਸ ਛੋਟ ਦੇਣਾ ਤਾਂ ਜੋ ਬਾਇਓਟੈਕਨੋਲੋਜੀ ਰੀਸਰਚ ਅਤੇ ਡਿਵੈਲਪਮੈਂਟ ਲਈ ਸੈਂਟਰ ਵਜੋਂ ਬੀ.ਸੀ. ਦੇ ਵਧ ਰਹੇ ਰੁਤਬੇ ਦਾ ਫਾਇਦਾ ਉਠਾਇਆ ਜਾ ਸਕੇ; ਅਤੇ
- ਫੈੱਡਰਲ ਸਰਕਾਰ ਤੋਂ ਤਿੰਨ ਸਾਲਾਂ ਦੇ ਸਮੇਂ ਦੌਰਾਨ ਮਿਲਣ ਵਾਲੇ 100 ਮਿਲੀਅਨ ਡਾਲਰ ਨੂੰ ਮਾਊਂਨਟੇਨ ਪਾਈਨ ਬੀਟਲ ਦੇ ਫੈਲਣ ਤੋਂ ਰੋਕਣ ਲਈ ਵਰਤਣਾ।

**ਬੀ.ਸੀ. ਜੌਬਾਂ ਪੈਦਾ ਕਰਨ ਵਿਚ ਮੋਹਰੀ ਹੈ**

ਹਜ਼ਾਰਾਂ ਜੌਬਾਂ; ਮੌਸਮ ਮੁਤਾਬਕ ਅਡਜਸਟ ਕੀਤੀਆਂ




ਸ੍ਰੋਤ: ਸਟੈਟਿਸਟਿਕਸ ਕੈਨੇਡਾ; ਸਲਾਨਾ ਔਸਤ ਨੂੰ ਮੌਸਮ ਮੁਤਾਬਕ ਅਡਜਸਟ ਨਹੀਂ ਕੀਤਾ ਗਿਆ

ਇਹ ਨਵੇਂ ਕਦਮ ਫਰਵਰੀ ਦੇ ਬੱਜਟ ਵਿਚਲੇ ਕਦਮਾਂ ਮੁਤਾਬਕ ਹਨ ਜਿਨ੍ਹਾਂ ਵਿਚ ਸ਼ਾਮਲ ਹਨ:

- ਜ਼ਿਆਦਾ ਬਿਜ਼ਨਸਾਂ ਨੂੰ 4.5 ਫੀਸਦੀ ਸਮਾਲ ਬਿਜ਼ਨਸ ਟੈਕਸ ਰੇਟ ਦੇ ਯੋਗ ਬਣਾਉਣ ਲਈ ਸਮਾਲ ਬਿਜ਼ਨਸ ਕਾਰਪੋਰੇਟ ਇਨਕਮ ਟੈਕਸ ਸੀਮਾ ਵਿਚ ਸੁਧਾਰ ਕਰਨਾ;
- ਰੀਜਨਲ ਇਕਨੌਮਿਕ ਡਿਵੈਲਪਮੈਂਟ ਲਈ ਤਿੰਨ ਟਰੱਸਟਾਂ ਨੂੰ ਫੰਡ ਦੇਣ ਲਈ 150 ਮਿਲੀਅਨ ਡਾਲਰ ਤਾਂ ਜੋ ਨੌਰਦਰਨ ਕਮਿਊਨਟੀਆਂ ਮਾਊਂਨਟੇਨ ਪਾਈਨ ਬੀਟਲ ਦੀ ਭਰਮਾਰ ਦਾ ਮੁਕਾਬਲਾ ਕਰ ਸਕਣ;
- ਮਾਊਂਨਟੇਨ ਪਾਈਨ ਬੀਟਲ ਅਤੇ ਜੰਗਲਾਂ ਨੂੰ ਲੱਗੀਆਂ ਅੱਗਾਂ ਦੇ ਆਰਥਿਕ ਅਸਰਾਂ ਦਾ ਹੱਲ ਕਰਨ ਲਈ ਅਤੇ ਪੁਲ਼ ਬਦਲਣ ਅਤੇ ਦੂਰ-ਦੁਰੇਡੇ ਇਲਾਕਿਆਂ ਤੱਕ ਪਹੁੰਚ ਵਿਚ ਸੁਧਾਰ ਕਰਨ ਖਾਤਰ ਜੰਗਲਾਤ ਨਾਲ ਸੰਬੰਧਿਤ ਉੱਦਮਾਂ ਲਈ ਤਿੰਨ ਸਾਲ ਦੇ ਸਮੇਂ ਦੌਰਾਨ 143 ਮਿਲੀਅਨ ਡਾਲਰ;
- ਤੇਲ, ਗੈਸ ਅਤੇ ਮਾਈਨਿੰਗ ਦੇ ਸੈੱਕਟਰਾਂ ਵਿਚ ਨਵੇਂ ਮੌਕੇ ਪੈਦਾ ਕਰਨ ਲਈ ਤਿੰਨ ਸਾਲਾਂ ਦੇ ਸਮੇਂ ਲਈ ਹੋਰ 65 ਮਿਲੀਅਨ ਡਾਲਰ;
- ਬ੍ਰਿਟਿਸ਼ ਕੋਲੰਬੀਆ ਦੀ ਸੈਰਸਪਾਟਾ ਇੰਡਸਟਰੀ ਨੂੰ ਉਤਸ਼ਾਹ ਦੇਣ ਅਤੇ ਵਧਾਉਣ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ 67 ਮਿਲੀਅਨ ਡਾਲਰ;
- ਫਿਲਮ ਅਤੇ ਟੈਲੀਵੀਜ਼ਨ ਟੈਕਸ ਕਰੈਡਿਟਾਂ ਵਿਚ ਵਾਧਾ; ਅਤੇ
- ਇਮੀਂਗਰਾਂਟਾਂ ਲਈ ਬੀ.ਸੀ. ਸਕਿਲਜ਼ ਕੋਨੈਕਟ ਪ੍ਰੋਗਰਾਮ ਲਈ ਤਿੰਨ ਸਾਲਾਂ ਦੇ ਸਮੇਂ ਦੌਰਾਨ 15 ਮਿਲੀਅਨ ਡਾਲਰ, ਜੋ ਕਿ ਬ੍ਰਿਟਿਸ਼ ਕੋਲੰਬੀਆ ਦੇ ਨਵੇਂ ਵਸਨੀਕਾਂ ਦੀ ਆਪਣੀ ਮੁਹਾਰਤ ਵਾਲੇ ਖੇਤਰ ਵਿਚ ਕੰਮ ਲੱਭਣ ਵਿਚ ਮਦਦ ਕਰਦਾ ਹੈ।

# ਰਹਿਣ, ਕੰਮ ਕਰਨ ਅਤੇ ਪਰਿਵਾਰ ਨੂੰ ਪਾਲਣ ਲਈ ਧਰਤੀ ’ਤੇ ਸਭ ਤੋਂ ਵਧੀਆਂ ਥਾਂ

***ਸਤੰਬਰ ਬੱਜਟ ਅੱਪਡੇਟ ਬ੍ਰਿਟਿਸ਼ ਕੋਲੰਬੀਆ ਦੇ ਘੱਟ ਅਤੇ ਦਰਮਿਆਨੀ ਆਮਦਨ ਵਾਲੇ ਲੋਕਾਂ ਲਈ ਟੈਕਸਾਂ ਵਿਚ ਕਟੌਤੀਆਂ ਦੀ ਪੁਸ਼ਟੀ ਕਰਦਾ ਹੈ, ਘਰਾਂ ਦੀ ਮਾਲਕੀ ਵਾਰਾ ਖਾਣ ਯੋਗ ਰੱਖਣ ਲਈ ਕਦਮ ਚੁੱਕਦਾ ਹੈ, ਅਤੇ ਸਾਡੇ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਅਤੇ ਆਪਣੀਆਂ ਕਮਿਉਨਟੀਆਂ ਨੂੰ ਮਜ਼ਬੂਤ ਰੱਖਣ ਲਈ ਫੰਡਾਂ ਵਿਚ ਵਾਧਾ ਕਰਦਾ ਹੈ।***

## ਬ੍ਰਿਟਿਸ਼ ਕੋਲੰਬੀਅਨਾਂ ਲਈ ਟੈਕਸਾਂ ਵਿਚ ਕਟੌਤੀਆਂ

ਘੱਟ ਅਤੇ ਦਰਮਿਆਨੀ ਆਮਦਨ ਦੇ ਪੱਧਰਾਂ ਵਾਲੇ ਬ੍ਰਿਟਿਸ਼ ਕੋਲੰਬੀਅਨ ਹੁਣ ਕੈਨੇਡਾ ਵਿਚ ਸੱਭ ਤੋਂ ਘੱਟ ਇਨਕਮ ਟੈਕਸ ਦੇ ਰਹੇ ਹਨ। ਤਾਜ਼ੀਆਂ ਟੈਕਸ ਕਟੌਤੀਆਂ ਵਿਚ ਸ਼ਾਮਲ ਹਨ:

- ਤਕਰੀਬਨ 730,000 ਬ੍ਰਿਟਿਸ਼ ਕੋਲੰਬੀਅਨਾਂ ਲਈ ਸੂਬਾਈ ਇਨਕਮ ਟੈਕਸ ਘੱਟ ਕਰਨ ਜਾਂ ਖਤਮ ਕਰਨ ਲਈ ਇਕ ਨਵਾਂ ਨਾ-ਵਾਪਸੀਯੋਗ ਨਿੱਜੀ ਇਨਕਮ ਟੈਕਸ ਕਰੈਡਿਟ, ਬੀ ਸੀ ਟੈਕਸ ਰੀਡਕਸ਼ਨ; 16,000 ਡਾਲਰ ਤੱਕ ਦੀ ਸਲਾਨਾ ਆਮਦਨ ਵਾਲੇ ਬਹੁਤੇ ਵਿਅਕਤੀ ਕੋਈ ਸੂਬਾਈ ਇਨਕਮ ਟੈਕਸ ਨਹੀਂ ਦੇਣਗੇ ਅਤੇ 26,000 ਡਾਲਰ ਤੱਕ ਦੀ ਆਮਦਨ ਵਾਲੇ ਘੱਟ ਟੈਕਸ ਦੇਣਗੇ;
- 215,000 ਲੋਕਾਂ ਲਈ ਪ੍ਰੀਮੀਅਮ ਘੱਟ ਕਰਨ ਜਾਂ ਖਤਮ ਕਰਨ ਲਈ, ਮੈਡੀਕਲ ਸਰਵਿਸਿਜ਼ ਪਲੈਨ ਪ੍ਰੀਮੀਅਮ ਅਸਿਸਟੈਂਸ ਪ੍ਰੋਗਰਾਮ ਦੇ ਹੱਕਦਾਰ ਹੋਣ ਦੀ ਸੀਮਾ ਵਿਚ 4,000 ਡਾਲਰ ਦਾ ਵਾਧਾ; ਸਲਾਨਾ ਨੈੱਟ 29,000 ਡਾਲਰ ਜਾਂ ਘੱਟ ਆਮਦਨ ਵਾਲੇ ਸੀਨੀਅਰ ਜੋੜੇ ਅਤੇ ਚਾਰ ਜੀਆਂ ਦੇ ਪਰਿਵਾਰ ਕੋਈ ਪ੍ਰੀਮੀਅਮ ਨਹੀਂ ਦੇਣਗੇ, ਅਤੇ 37,000 ਡਾਲਰ ਤੱਕ ਦੀ ਆਮਦਨ ਵਾਲੇ ਪਰਿਵਾਰ ਘੱਟ ਪ੍ਰੀਮੀਅਮ ਦੇਣਗੇ;
- ਪਹਿਲੀ ਵਾਰੀ ਘਰ ਖਰੀਦਣ ਵਾਲਿਆਂ ਨਾਲ ਸੰਬੰਧਿਤ ਪ੍ਰੋਗਰਾਮ ਵਿਚ ਸੁਧਾਰ, ਜਿਹੜਾ ਪ੍ਰੋਗਰਾਮ ਯੋਗ ਪ੍ਰਾਪਰਟੀਆਂ ’ਤੇ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਪ੍ਰਾਪਰਟੀ ਟ੍ਰਾਂਸਫਰ ਟੈਕਸ ਤੋਂ ਛੋਟ ਦਿੰਦਾ ਹੈ;
- ਹੋਮ ਓਨਰ ਗਰਾਂਟ ਪ੍ਰੋਗਰਾਮ ਲਈ ਸੀਮਾ ਵਿਚ ਸੁਧਾਰ ਅਤੇ ਫੇਜ਼-ਆਊਟ ਰੇਟ;
- ਵਹੀਕਲ ਸਰਟੈਕਸ ਸੀਮਾ ਵਿਚ 2,000 ਡਾਲਰ ਦਾ ਵਾਧਾ ਜੋ ਕਿ 49,000 ਡਾਲਰ ਦੇ ਮੁੱਲ ਤੋਂ ਘੱਟ ਦੀਆਂ ਪਸੰਜਰ ਗੱਡੀਆਂ ’ਤੇ ਸਰਟੈਕਸ ਨੂੰ ਖਤਮ ਕਰਦਾ ਹੈ; ਅਤੇ
- ਪੀ ਐੱਸ ਟੀ ਰੇਟ 7.5 ਫੀਸਦੀ ਤੋਂ ਘਟਾ ਕੇ 7 ਫੀਸਦੀ ਕਰਨਾ।

BRITISH COLUMBIA
Ministry of Finance


## ਟੈਕਸ ਬੱਚਤਾਂ ਦੀਆਂ ਉਦਾਹਰਣਾਂ

30,000 ਡਾਲਰ ਦੀ ਆਮਦਨ ਵਾਲਾ ਸੀਨੀਅਰ ਜੋੜਾ ਹੁਣ ਕੁੱਲ ਸੂਬਾਈ ਟੈਕਸ ਵਿਚ ਸਾਲ 2001 ਨਾਲੋਂ ਤਕਰੀਬਨ 930 ਡਾਲਰ ਘੱਟ ਦੇਵੇਗਾ।

30,000 ਡਾਲਰ ਦੀ ਆਮਦਨ ਵਾਲਾ ਚਾਰ ਜੀਆਂ ਦਾ ਪਰਿਵਾਰ ਹੁਣ ਕੁੱਲ ਸੂਬਾਈ ਟੈਕਸ ਵਿਚ ਸਾਲ 2001 ਨਾਲੋਂ ਤਕਰੀਬਨ 1,300 ਡਾਲਰ ਘੱਟ ਦੇਵੇਗਾ।

**ਟੈਕਸਾਂ ਵਿਚ ਤਬਦੀਲੀਆਂ**

2001 ਬਨਾਮ 2005




ਸਾਲ 2001 ਦੇ ਟੈਕਸਾਂ ਦਾ ਹਿਸਾਬ ਜੂਨ 2001 ਤੋਂ ਪਹਿਲਾਂ ਦੇ ਰੇਟਾਂ ਨੂੰ ਆਧਾਰ ਬਣਾ ਕੇ ਲਾਇਆ ਗਿਆ ਹੈ; ਸਾਲ 2005 ਦੇ ਟੈਕਸਾਂ ਦਾ ਹਿਸਾਬ ਬੱਜਟ 2005 ਵਿਚ ਐਲਾਨੇ ਗਏ ਰੇਟਾਂ ਨੂੰ ਆਧਾਰ ਬਣਾ ਕੇ ਲਾਇਆ ਗਿਆ ਹੈ। ਇਸ ਵਿਚ ਸੂਬਾਈ ਨਿੱਜੀ ਆਮਦਨ, ਖਪਤ, ਐੱਮ ਐੱਸ ਪੀ ਪ੍ਰੀਮੀਅਮਜ਼ ਅਤੇ ਅੰਦਾਜ਼ਨ ਸੂਬਾਈ ਅਤੇ ਮਿਊਂਸਪਲ ਪ੍ਰਾਪਰਟੀ ਟੈਕਸ ਸ਼ਾਮਲ ਹਨ।
ਸ੍ਰੋਤ: ਮਨਿਸਟਰੀ ਆਫ ਫਾਇਨੈਂਸ

## ਕਮਿਉਨਟੀ ਇਨਫ੍ਰਾਸਟ੍ਰੱਕਚਰ ਅਤੇ ਸੁਰੱਖਿਆ

*ਸਤੰਬਰ ਬੱਜਟ ਅੱਪਡੇਟ ਫਰਵਰੀ ਦੇ ਬੱਜਟ ਵਿਚ ਪੇਸ਼ ਕੀਤੀ ਗਈ ਮਜ਼ਬੂਤ, ਸੁਰੱਖਿਅਤ ਕਮਿਉਨਟੀਆਂ ਲਈ ਤਿੰਨ-ਸਾਲਾ ਯੋਜਨਾ ਦੀ ਪੁਸ਼ਟੀ ਕਰਦਾ ਹੈ, ਜਿਹੜੀ ਕਿ ਤਿੰਨ ਸਾਲਾਂ ਦੇ ਸਮੇਂ ਦੌਰਾਨ ਕਮਿਉਨਟੀ ਇਨਫ੍ਰਾਸਟ੍ਰੱਕਚਰ ਸੁਰੱਖਿਆ ਲਈ ਵਾਧੂ ਫੰਡ ਪ੍ਰਦਾਨ ਕਰਦੀ ਹੈ, ਜਿਸ ਵਿਚ ਇਹ ਸ਼ਾਮਲ ਹਨ:*

- ਬੀ.ਸੀ. ਭਰ ਵਿਚ ਮਿਊਂਸਪਲ ਅਤੇ ਰੀਜਨਲ ਇਨਫ੍ਰਾਸਟ੍ਰੱਕਚਰ ਲਈ 115 ਮਿਲੀਅਨ ਡਾਲਰ;
- ਕਮਿਉਨਟੀ ਪੁਲੀਸ, ਜੁਰਮਾਂ ਤੋਂ ਰੋਕਥਾਮ, ਅਤੇ ਕਮਿਉਨਟੀਆਂ ਨੂੰ ਸੁਰੱਖਿਅਤ ਬਣਾਉਣ ਲਈ ਹੋਰ ਉੱਦਮਾਂ ਲਈ 70 ਮਿਊਂਸਪਿਲਟੀਆਂ ਨੂੰ ਟਰੈਫਿਕ ਜੁਰਮਾਨਿਆਂ ਤੋਂ ਹੋਈ ਆਮਦਨ ਵਾਪਸ ਕਰਨ ਲਈ 63 ਮਿਲੀਅਨ ਡਾਲਰ;
- ਬੀ.ਸੀ. ਭਰ ਵਿਚ 215 ਹੋਰ ਆਰ ਸੀ ਐੱਮ ਪੀ ਅਫਸਰ ਭਰਤੀ ਕਰਨ ਲਈ 122 ਮਿਲੀਅਨ ਡਾਲਰ; ਅਤੇ
- ਸੂਬਾਈ ਅਦਾਲਤਾਂ ਅਤੇ ਜੇਲ੍ਹਾਂ ਲਈ ਮਦਦ ਵਧਾਉਣ ਲਈ 39 ਮਿਲੀਅਨ ਡਾਲਰ।